International Journal of Multidisciplinary Trends

**E-ISSN:** 2709-9369
**P-ISSN:** 2709-9350
www.multisubjectjournal.com
IJMT 2022; 4(1): 178-182
Received: 20-03-2022
Accepted: 26-05-2022

**ਅਮਨਪ੍ਰੀਤ ਕੌਰ**
ਖੋਜਾਰਥੀ, ਪੰਜਾਬੀ ਵਿਭਾਗ,
ਜੰਮੂ ਯੂਨੀਵਰਸਿਟੀ, ਜੰਮੂ,
ਜੰਮੂ ਐਂਡ ਕਸ਼ਮੀਰ, ਭਾਰਤ

**ਬਲਵਿੰਦਰ ਕੌਰ**
ਖੋਜਾਰਥੀ, ਪੰਜਾਬੀ ਵਿਭਾਗ,
ਜੰਮੂ ਯੂਨੀਵਰਸਿਟੀ, ਜੰਮੂ,
ਜੰਮੂ ਐਂਡ ਕਸ਼ਮੀਰ, ਭਾਰਤ

**Corresponding Author:**
**ਅਮਨਪ੍ਰੀਤ ਕੌਰ**
ਖੋਜਾਰਥੀ, ਪੰਜਾਬੀ ਵਿਭਾਗ,
ਜੰਮੂ ਯੂਨੀਵਰਸਿਟੀ, ਜੰਮੂ,
ਜੰਮੂ ਐਂਡ ਕਸ਼ਮੀਰ, ਭਾਰਤ

# ਜੰਮੂ ਦੇ ਇਤਿਹਾਤਕ ਗੁਰਦੁਆਰੇ: ਇਕ ਸਰਵੇਖਣ

**ਅਮਨਪ੍ਰੀਤ ਕੌਰ, ਬਲਵਿੰਦਰ ਕੌਰ**

## ਪ੍ਰਸਤਾਵਨਾ

'ਗੁਰਦੁਆਰਾ' ਦੋ ਸ਼ਬਦਾਂ 'ਗੁਰੂ' ਅਤੇ 'ਦੁਆਰਾ' ਦੇ ਸੁਮੇਲ ਤੋਂ ਬਣਿਆ ਹੈ ਜਿਸ ਦੇ ਅਰਥ ਬਹੁਤ ਵਿਸ਼ਾਲ ਹਨ। ਗੁਰਦੁਆਰਾ ਤੋਂ ਭਾਵ ਗੁਰੂ ਦਾ ਘਰ, ਗੁਰੂ ਦਾ ਦਰਬਾਰ, ਗੁਰੂ ਦੀ ਮਾਰਫ਼ਤ, ਗੁਰੂ ਦੁਆਰਾ ( ਬੂਹਾ, ਦਰਵਾਜਾ) ਆਦਿ ਹਨ। ਗੁਰਦੁਆਰੇ ਦੇ ਇਤਿਹਾਸ ਵਲ ਝਾਤ ਮਾਰੀਏ ਤਾਂ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਪੰਜਵੇ ਗੁਰੂ ਅਰਜਨ ਦੇਵ ਜੀ ਤੱਕ ਸਿੱਖਾਂ ਦੇ ਧਰਮ-ਮੰਦਰ ਦਾ ਨਾਮ 'ਧਰਮਸ਼ਾਲਾ' ਰਿਹਾ ਹੈ ਫ਼ਿਰ ਗੁਰੂ ਅਰਦਨ ਦੇਵ ਨੇ ਸਭ ਤੋਂ ਪਹਿਲਾਂ ਅਮ੍ਰਿਤਸਰ ਸਰੋਵਰ ਦੇ ਧਰਮ ਮੰਦਰ ਨੂੰ 'ਹਰਿਮੰਦਰ' ਦਾ ਨਾਮ ਦਿੱਤਾ ਅਤੇ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਧਰਮਸ਼ਾਲਾ ਦੀ ਸੰਗਿਆ ਤੋਂ ਹੁੰਦਾ ਹੋਇਆ 'ਗੁਰਦੁਆਰਾ' ਨਾਮ ਤੱਕ ਅਪੜਿਆ।

ਭਾਈ ਕਾਹਨ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿਚ 'ਗੁਰਦੁਆਰਾ' ਸ਼ਬਦ ਨੂੰ ਇਵੇਂ ਪ੍ਰਭਾਸ਼ਿਤ ਕੀਤਾ ਹੈ:

"ਸਿੱਖਾਂ ਦਾ ਗੁਰਦੁਆਰਾ ਵਿਦਿਆਰਥੀਆਂ ਲਈ ਸਕੂਲ, ਆਤਮ ਜਿਗਿਯਾਸਾ ਵਾਲਿਆਂ ਲਈ ਗਯਾਨ-ਉਪਦੇਸ਼ਕ ਆਚਾਰਯ, ਰੋਗੀਆਂ ਲਈ ਸ਼ਫ਼ਾਖਾਨਾ, ਭੁੱਖਿਆਂ ਲਈ ਅੰਨਪੂਰਣਾ, ਇਸਤਰੀ ਜਾਤਿ ਦੀ ਪਤ ਰੱਖਣ ਲਈ ਲੋਹਮਈ ਦੁਰਗ ਅਤੇ ਮੁਸਾਫਰਾਂ ਲਈ ਵਿਸ਼੍ਰਾਮ ਦਾ ਅਸਥਾਨ ਹੈ। "[1]

ਇਸ ਦੇ ਨਾਲ ਹੀ 'ਗੁਰੂ ਗ੍ਰੰਥ ਵਿਸ਼ਵਕੋਸ਼' ਭਾਗ ਪਹਿਲਾ (ੳ-ਛ) ਵਿਚ ਰਤਨ ਸਿੰਘ ਜੱਗੀ ਨੇ 'ਗੁਰਦੁਆਰਾ' ਸ਼ਬਦ ਉਤੇ ਆਪਣੀ ਧਾਰਨਾ ਪੇਸ਼ ਕਰਦੇ ਹੋਏ ਲਿਖਦੇ ਹਨ:-

"ਇਸ ਦਾ ਸ਼ਾਬਦਿਕ ਅਰਥ ਹੈ 'ਗੁਰੂ ਦਾ ਘਰ' ਜਿਸ ਸਰਬ ਸਾਂਝੇ ਸਥਾਨ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ ਉਸ ਨੂੰ ਸਿੱਖ-ਸ਼ਬਦਾਵਲੀ ਵਿਚ 'ਗੁਰਦੁਆਰਾ' ਕਿਹਾ ਜਾਂਦਾ ਹੈ। "[2]

ਬਹੁਤ ਸਾਰੇ ਵਿਦਵਾਨਾਂ ਅਤੇ ਲੇਖਕਾਂ ਦੇ ਗ੍ਰੰਥ, ਇਨਸਾਈਕਲੋਪੀਡੀਆ, ਰੈਫਰੈਂਸ ਬੁਕਸ ਅਤੇ ਕਿਤਾਬਾਂ ਇਸ ਕਾਰਜ ਵਿਚ ਸਹਾਈ ਹੋਏ ਹਨ, ਜਿਨ੍ਹਾਂ ਚੋਂ ਦੋ ਦਾ ਜ਼ਿਕਰ ਇਥੇ ਕੀਤਾ ਗਿਆ ਹੈ। ਗੁਰਦੁਆਰਾ ਉਹ ਸਥਾਨ ਹੈ। ਜਿੱਥੇ ਕੇਵਲ ਗੁਰੂ ਗ੍ਰੰਥ ਸਾਹਿਬ ਦਾ ਹੀ ਪ੍ਰਕਾਸ਼ ਹੁੰਦਾ ਹੈ ਇਸ ਨੂੰ ਸਥਾਪਤ ਤੇ ਸ਼ੁਰੂ ਕਰਨ ਦੀ ਪਰੰਪਰਾ ਸਤਿਗੁਰਾਂ ਨੇ ਹੀ ਕੀਤੀ। ਜਿਨ੍ਹਾਂ ਵਿਚ ਧਰਮ, ਨਸਲ ਰੰਗ ਅਤੇ ਉਚ-ਨੀਚ ਦਾ ਕੋਈ ਭੇਦ ਭਾਵ ਨਹੀਂ ਹੈ। ਗੁਰਦੁਆਰੇ ਵਿਚ ਕਿਸੇ ਵੀ ਧਰਮ ਨੂੰ ਮੰਨਣ ਵਾਲਾ ਜੀਵ ਆ ਸਕਦਾ ਹੈ। ਇਹ ਅਸਥਾਨ ਮਨੁੱਖਤਾ ਦੀ ਬਰਾਬਰੀ ਦਾ ਸੰਦੇਸ਼ ਦਿੰਦੇ ਹਨ। ਇੱਥੇ ਹਮੇਸ਼ਾ ਅਰਦਾਸ ਸਰਬਤ ਦੇ ਭਲੇ ਲਈ ਹੀ ਕੀਤੀ ਜਾਂਦੀ ਹੈ। ਇਹ ਜੋ ਗੁਰਮਿਤ ਆਸ਼ੇ ਨੂੰ ਪੂਰੀ ਤਰ੍ਹਾਂ ਸਮਰਪਿਤ ਗੁਰਸਿੱਖਾਂ ਦੀ ਯਾਦ ਵਿਚ ਉਸਾਰੇ ਗਏ ਇਤਿਹਾਸਕ ਸਥਾਨ ਹਨ।

ਇਨ੍ਹਾਂ ਯਾਦਾਂ ਵਿਚ ਉਸਾਰੇ ਗਏ ਗੁਰਦੁਆਰਿਆਂ ਨੂੰ ਹੀ ਇਤਿਹਾਸਕ ਗੁਰਦੁਆਰੇ ਕਿਹਾ ਜਾਂਦਾ ਹੈ ਅਤੇ ਹੇਠਲੇ ਖੋਜ ਪੱਤਰ ਵਿਚ ਵੀ ਅਸੀਂ ਜੰਮੂ ਪ੍ਰਾਂਤ ਦੇ ਇਤਿਹਾਸਕ ਗੁਰਦੁਆਰੇ ਹੀ ਲਏ ਹਨ ਜੋ ਇਸ ਪ੍ਰਕਾਰ ਹਨ

1. ਗੁਰਦੁਆਰਾ ਡੇਰਾ ਸੰਤ ਪੂਰਾ ਡੰਨਾ(ਗੁਰੂ ਨਾਨਕ ਨਗਰ ਜੰਮੂ): ਅੰਗ੍ਰੇਜ਼ੀ ਹਾਕਮਾਂ ਤੋਂ ਆਜ਼ਾਦ ਹੁੰਦੇ ਹੋਏ ਹੀ ਭਾਰਤ ਦੇਸ਼ ਦੀ 1947 ਵਿਚ ਜਦੋਂ ਵੰਡ ਹੋਈ ਤਾਂ ਪਾਕਿਸਤਾਨੀ ਹਾਕਮਾਂ ਨੇ ਜੰਮੂ ਕਸ਼ਮੀਰ ਨੂੰ ਹਥਿਆਣ ਲਈ ਕਬਾਇਲੀਆਂ ਤੋਂ ਇੱਥੇ ਹਮਲਾ ਕਰਵਾਇਆ ਗਿਆ। ਜਿਸ ਦਾ ਨਤੀਜਾ ਇੱਥੇ ਦੀ ਆਮ ਜਨਤਾ ਨੂੰ ਭੋਗਨਾ ਪਿਆ ਕਿਉਂਕਿ ਜੰਮੂ ਕਸ਼ਮੀਰ ਦੀ ਫੋਜ ਇਸ ਹਮਲੇ ਨੂੰ ਰੋਕਣ ਵਿਚ ਨਾਕਾਮ ਹੋ ਗਈ ਤੇ ਮਾਸੂਮ ਅਤੇ ਨਿਹੱਥੇ ਲੋਕਾਂ ਨੂੰ ਕਬਾਇਲੀਆਂ ਦੇ ਤਸ਼ਦੱਦ ਝੱਲਣ ਲਈ ਛੱਡ ਦਿਤਾ ਗਿਆ।

ਇਸ ਹਮਲੇ ਦੇ ਸ਼ਿਕਾਰ ਲੋਕ ਜ਼ਿਲ੍ਹਾ ਮੁਜ਼ਫਰਾਬਾਦ, ਪੁਣਛ ਜ਼ਿਲੇ ਦੀ ਤਹਿਸੀਲ ਬਾਗ਼ ਤੇ ਜ਼ਿਲਾ ਮੀਰਪੁਰ ਦੇ ਵਸਨੀਕ ਸਨ, ਜਿਨ੍ਹਾਂ ਤੇ ਕਬਾਇਲੀਆਂ ਨੇ ਹਮਲਾ ਕੀਤਾ ਤੇ ਮਾਸੂਮ ਲੋਕਾਂ ਦਾ ਕਤਲੋ ਗਾਰਤ ਕਰਦੇ ਉਨ੍ਹਾਂ ਨੂੰ ਆਪਣੀ ਗੋਲੀਆਂ ਦਾ ਨਿਸ਼ਾਨਾ ਬਣਾਇਆ। ਪੁਣਛ ਵਿਚ ਬਰਗੇਡੀਅਰ ਪ੍ਰੀਤਮ ਸਿੰਘ ਦੀਆਂ ਕੋਸ਼ਿਸ਼ਾ ਨਾਲ ਕਈਂ ਲੋਕਾਂ ਨੂੰ ਬਚਾਇਆ ਗਿਆ ਅਤੇ ਉਹਨਾਂ ਨੂੰ ਸੁਰਖਿਅਤ ਜੰਮੂ ਪਹੁੰਚਾਣ ਉਪਰੰਤ ਰਿਫਿਊਜੀ ਕੈਂਪਾਂ ਵਿਚ ਰੱਖਿਆ ਗਿਆ।

ਇਨ੍ਹਾਂ ਰਿਫਿਊਜੀਆਂ ਵਿਚ ਵੱਡੀ ਆਬਾਦੀ ਸਿੱਖਾਂ ਦੀ ਸੀ, ਫਿਰ ਇਨ੍ਹਾਂ ਵਿਚੋਂ ਕੁਝ ਸਿੱਖ ਆਬਾਦੀ ਰਾਜਸਥਾਨ ਭੇਜ ਦਿੱਤੀ ਗਈ, ਕੁਝ ਦੇਹਰਾਦੂਨ ਦੇ ਇਲਾਕੇ ਵਿਚ ਵਸ ਗਈ, ਕੁਝ ਯੌਲ ਵਿਚ ਤੇ ਬਾਕੀ ਦੀ ਬਚੀ-ਖੁਚੀ ਜੰਮੂ ਖਿੱਤੇ ਵਿਚ, ਇਸਤਰ੍ਹਾਂ ਸਾਰੇ ਖਿੰਡਰ-ਪੁੰਡਰ ਗਏ।

ਵੰਡ ਤੋਂ ਪਹਿਲਾਂ ਮੁਜ਼ਫਰਾਬਾਦ ਦੇ ਪਿੰਡ ਡੰਨਾ ਵਿਖੇ ਡੇਰਾ ਸੰਤ ਪੂਰਾ ਕਾਇਮ ਸੀ। ਇਸ ਡੇਰੇ ਦੀ ਸਥਾਪਨਾ ਸੰਤ ਭਾਈ ਤਾਰਾ ਸਿੰਘ ਜੀ ਨੇ ਕੀਤੀ ਸੀ। ਉਨ੍ਹਾਂ ਨੇ ਇਹ ਗੱਦੀ ਅੱਗੇ ਆਪਣੇ ਭਤੀਜੇ ਸੰਤ ਭਾਈ ਖੁਸ਼ਹਾਲ ਸਿੰਘ ਨੂੰ ਸੌਂਪੀ ਕਿਉਂਕਿ ਉਹਨਾਂ ਦੀ ਆਪਣੀ ਕੋਈ ਔਲਾਦ ਨਹੀਂ ਸੀ। ਸੰਤ ਭਾਈ ਖੁਸ਼ਿਹਾਲ ਸਿੰਘ ਤੋਂ ਬਾਅਦ ਸੰਤ ਭਾਈ ਗੁਰਦਿੱਤ ਸਿੰਘ ਫੇਰ ਭਾਈ ਗੁਰਬਖ਼ਸ਼ ਸਿੰਘ ਇਸ ਗੱਦੀ ਤੇ ਆਸੀਨ ਹੋਏ ਜਿਹਨਾਂ ਦੀ ਨਿਗਰਾਨੀ ਵਿਚ ਇਸ ਵੇਲੇ ਇਹ ਡੇਰਾ ਚਲ ਰਿਹਾ ਹੈ। ਫਿਰ ਵੰਡ ਮਗਰੋਂ ਸੰਤ ਜੀ ਆਪਣੇਪਰਿਵਾਰ ਅਤੇ ਬਾਕੀ ਰਿਫਿਊਜੀਆਂ ਨਾਲ ਜਦੋਂ ਜੰਮੂ ਆਏ ਤਾਂ ਪਹਿਲਾਂ ਇਹ ਡੇਰਾ ਜੰਮੂ ਮੜ੍ਹ ਬਾਗ਼ ਵਿਖੇ ਸਥਾਪਿਤ ਕੀਤਾ ਗਿਆ। ਜਿਆਦਾਤਰ ਸ਼ਰਧਾਲੂ ਜੰਮੂ ਤੋਂ ਸਨ ਉਨ੍ਹਾਂ ਨੂੰ ਇਹ ਸਥਾਨ ਦੂਰ ਪੈਂਦਾ ਸੀ ਇਸਲਈ ਸੰਗਤਾਂ ਦੇ ਆਗ੍ਰਿਹ ਤੇ (ਗੁਰੂ) ਨਾਨਕ ਗੁਰਦੁਆਰਾ ਰੋਡ ਤੇ ਸੇਕਟਰ ਡੇਰਾ ਵਿਚ ਗੁਰਦੁਆਰਾ ਡੇਰਾ ਸੰਤ ਪੂਰਾ ਡੰਨਾ ਸਥਾਪਿਤ ਕੀਤਾ ਗਿਆ। ਇਸ ਡੇਰੇ ਵਾਸਤੇ ਜ਼ਮੀਨ ਹਵਲਦਾਰ ਹੀਰਾ ਸਿੰਘ ਨੇ ਦਾਨ ਕੀਤੀ ਸੀ। ਗੁਰਦੁਆਰੇ ਦੀ ਨੀਂਹ ਡੇਰਾ ਨੰਗਾਲੀ ਸਾਹਿਬ ਦੇ ਮਹੰਤ ਬੱਚਿਤਰ ਸਿੰਘ ਜੀ ਤੋਂ ਰੱਖਵਾਈ ਗਈ ਸੀ ਇਕ ਕਨਾਲ ਤੇ ਗੁਰਦੁਆਰੇ ਦੀ ਇਮਾਰਤ ਉਸਾਰੀ ਗਈ। । ਗੁਰਦੁਆਰੇ ਤੋਂ ਕੋਈ ਤਿੰਨ ਮਕਾਨ ਛਡਕੇ ਉਸੇ ਗਲੀ ਵਿਚ ਅੱਗੇ ਲੰਗਰ ਹਾਲ ਹੈ ਹਰ ਗੁਰਪੁਰਬ ਵਿਚ ਲੰਗਰ ਇੱਥੇ ਹੀ ਤਿਆਰ ਕੀਤਾ ਜਾਂਦਾ ਹੈ ਤੇ ਸੰਗਤਾਂ ਨੂੰ ਵਰਤਾਇਆ ਵੀ ਜਾਂਦਾ ਹੈ। ਗੁਰਦੁਆਰਾ ਸੰਤ ਪੂਰਾ ਡੰਨਾ ਕੁੱਝ ਗੱਲਾਂ ਤੋਂ ਵਿਲੱਖਣ ਹੈ:

1. ਇਕ ਤਾਂ ਇੱਥੇ ਸਾਰੇ ਗੁਰੂਆਂ ਦੇ ਗੁਰਪੁਰਬ ਮਨਾਏ ਜਾਂਦੇ ਹਨ ਅਤੇ ਅਤੁੱਟ ਲੰਗਰ ਦੀ ਸੇਵਾ ਹੁੰਦੀ ਹੈ। ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਤੇ ਗੁੰਗਣੀਆਂ ਦਾ ਲੰਗਰ ਤੇ ਸ਼ਰਬੱਤ ਦੀ ਸ਼ਬੀਲ ਸਵੇਰ ਤੋਂ ਸ਼ਾਮ ਤੱਕ ਚਲਦੀ ਹੈ
2. ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਪ੍ਰਕਾਸ਼ ਉਤਸਵ ਤੇ ਮਿੱਸੀ ਰੋਟੀ ਤੇ ਲੱਸੀ ਦਾ ਲੰਗਰ ਹੁੰਦਾ ਹੈ।
3. 1947 ਦੇ ਸ਼ਹੀਦਾਂ ਦੀ ਯਾਦ ਵਿਚ ਹਰ ਸਾਲ 6 ਕੱਤਕ ਤੋਂ ਅੰਖਡ ਪਾਠਾਂ ਦੀ ਲੜੀ ਸ਼ੁਰੂ ਹੁੰਦੀ ਹੈ ਤੇ ਮਹੀਨੇ, ਡੇਢ ਮਹੀਨੇ ਬਾਅਦ ਸਮਾਪਤੀ ਹੁੰਦੀ ਹੈ।

ਦਿਸੰਬਰ ਸਿੱਖ ਨੌਜਵਾਨ ਸਭਾ ਵਲੋਂ ਪੂਰੀ ਰਾਤ ਸ਼ਬਦ ਕੀਰਤਨ ਚਲਦਾ ਹੈ ਤੇ ਇਸ ਵਿਚ ਪ੍ਰਸਿੱਧ ਰਾਗੀ ਤੇ ਕਥਾਕਾਰ ਵੀ ਪੁਜੱਦੇ ਹਨ ਤੇ ਨਵੇਂ ਸਾਲ ਦਾ ਸਵਾਗਤ ਸੰਗਤ ਗੁਰੂ ਚਰਨਾਂ ਵਿਚ ਰਾਤ ਬਿਤਾ ਕੇ ਨਵੇਂ ਸਾਲ ਦਾ ਆਰੰਭ ਹੋਵੇ ਤੇ ਸਰਬਤ ਦੇ ਭਲੇ ਦੀ ਅਰਦਾਸ ਕੀਤੀ ਜਾਂਦੀ ਹੈ।

ਇਸ ਤੋਂ ਛੁੱਟ ਗੁਰਦੁਆਰੇ ਵਿਚ ਡਿਸਪੈਂਸਰੀ ਵੀ ਹੈ ਕਈਂ ਲੋੜਵੰਦਾਂ ਦੀ ਜ਼ਰੂਰਤ ਵੀ ਇੱਥੇ ਪੂਰੀ ਕੀਤੀ ਜਾਂਦੀ ਹੈ। ਡੇਰੇ ਦੇ

ਸਾਰਾ ਪ੍ਰਬੰਧ ਸੰਗਤਾਂ ਦੇ ਸਹਿਯੋਗ ਸੰਤ ਮੇਲਾ ਸਿੰਘ ਦਸਤਕਾਰੀ ਆਸ਼ਰਮ ਨਾਲ ਚਲਦਾ ਹੈ।

2. **ਗੁਰਦੁਆਰਾ ਸ਼੍ਰੀ ਸੰਤ ਮੇਲਾ ਸਿੰਘ ਜੀ ਦਸਤਕਾਰੀ ਆਸ਼ਰਮ, ਡਿਗਿਆਨਾ: ਮਾਨਵਤਾ ਦੀ ਸੇਵਾ ਦਾ ਪ੍ਰਤੀਕ**: ਇਹ ਗੁਰਦੁਆਰਾ ਜੰਮੂ ਸ਼ਹਿਰ ਤੋਂ ਛੇ ਕੁ ਕਿੱਲੋਮੀਟਰ ਦੂਰ ਜੰਮੂ ਪਠਾਨਕੋਟ ਰਾਜਮਾਰਗ ਤੇ ਸਥਿਤ ਹੈ। ਜਿਸਨੂੰ ਸ਼੍ਰੋਮਣੀ ਡੇਰਾ ਸੰਤਪੁਰਾ ਨੰਗਾਲੀ ਸਾਹਿਬ ਦੇ ਮਹਾਂਪੁਰਸ਼, ਮਹੰਤ ਬਚਿੱਤਰ ਸਿੰਘ ਜੀ ਨੇ ਸੰਨ 1960 ਈ ਵਿਚ ਕਾਇਮ ਕੀਤਾ ਸੀ। ਸੰਨ 1947 ਈ ਦੀ ਉਥੱਲ ਪੁਥੱਲ ਕਾਰਨ ਜੰਮੂ ਕਸ਼ਮੀਰ ਦੇ ਬਹੁਤ ਸਾਰੀ ਲੋਕਾਈ ਘਰੋ ਬੇਘਰ ਹੋਈ। ਕਈਂ ਬਚਿਆਂ ਤੇ ਸਿਰਾਂ ਤੋਂ ਮਾਂ ਬਾਪ ਦਾ ਸਾਇਆ ਉੱਠ ਗਿਆ ਤੇ ਉਹ ਯਤੀਮ ਅਤੇ ਬੇਸਹਾਰਾ ਰਹਿ ਗਏ। ਇਸ ਲਈ ਮਹੰਤ ਸਾਹਿਬ ਨੇ ਲੋਕ ਭਲਾਈ ਹਿੱਤ ਜੰਮੂ ਸ਼ਹਿਰ ਵਿੱਖੇ, ਸੰਤ ਮੇਲਾ ਸਿੰਘ ਬੋਰਡਿੰਗ ਹਾਉਸ 1956 ਵਿਚ ਕਾਇਮ ਕੀਤਾ। ਉਸ ਵੇਲੇ ਇੱਥੇ ਕਈਂ ਯਤੀਮ ਬੇਸਹਾਰਾ ਬੱਚੇ, ਬਜ਼ੁਰਗ ਲੋਕ ਰਹਿੰਦੇ ਸਨ ਅਤੇ ਇਨ੍ਹਾਂ ਬੱਚਿਆਂ ਲਈ ਮਹੰਤ ਸਾਹਿਬ ਨੇ ਕਾਰਪੈਂਟਰੀ, ਕਟਿੰਗ ਅਤੇ ਟੇਲਰਿੰਗ ਤੋਂ ਛੁੱਟ ਗੁਰਮੁੱਖੀ ਦੀ ਪੜਾਈ, ਗੁਰਬਾਣੀ ਦੇ ਪਾਠ ਦੀ ਸੰਥਿਆ ਅਤੇ ਕੀਰਤਨ ਦੀ ਸਿਖਲਾਈ ਦੇਣ ਦਾ ਪ੍ਰਬੰਧ ਕੀਤਾ। ਜਿਨ੍ਹਾਂ ਚੋਂ ਕੁਝ ਸਿਖਲਾਈਆਂ ਬੰਦ ਹੋ ਗਈਆਂ ਅਤੇ ਬਾਕੀ ਕੁਝ ਬੰਦੇ ਰਾਗੀ ਬਣ ਕੇ ਨਿਕਲੇ ਅਤੇ ਆਪਣੀ ਘਰ ਘਰਸਤੀ ਬਸਾਈ। ਇਹ ਕੋਰਸ ਹੁਣ ਵੀ ਆਸ਼ਰਮ ਵਿਚ ਚਲ ਰਹੇ ਹਨ। ਇਸ ਤੋਂ ਇਲਾਵਾ 1969 ਵਿਚ ਜੰਮੂ-ਕਸ਼ਮੀਰ ਦੀ ਪਹਿਲੀ ਪੰਜਾਬੀ ਪ੍ਰਿੰਟਿੰਗ ਪ੍ਰੈਸ ਵੀ ਆਸ਼ਰਮ ਦੇ ਸੰਤ ਨੇ ਲਗਾਈ ਅਤੇ ਉਸ ਨੂੰ ਚਲਾਉਣ ਲਈ ਜਲੰਧਰ ਭੇਜ ਕੇ ਕੰਮਪਾਜੀਟਰ ਦੀ ਸਿਖਲਾਈ ਲਈ ਭੇਜਿਆ।

ਮਹੰਤ ਬਚਿੱਤਰ ਸਿੰਘ ਜੀ ਨੇ ਉੱਤਰ ਅਧਿਕਾਰੀ ਮਹੰਤ ਮਨਜੀਤ ਸਿੰਘ ਜੀ ਨੂੰ ਥਾਪਿਆ ਜੋ ਉਸੇ ਲਗਨ ਅਤੇ ਮਿਹਨਤ ਨਾਲ ਲੋਕ ਭਲਾਈ ਦੇ ਕੰਮਾਂ ਵਿਚ ਜੁਟੇ ਹੋਏ ਹਨ। ਗੁਰੂ ਹਰਿਕ੍ਰਿਸ਼ਨ ਬਲਕਿ ਸਕੂਲ ਜਿਹੜਾ ਮਹੰਤ ਬਚਿੱਤਰ ਸਿੰਘ ਜੀ ਨੇ ਸਥਾਪਿਤ ਕੀਤਾ ਸੀ। ਮਹੰਤ ਮਨਜੀਤ ਸਿੰਘ ਜੀ ਨੇ ਹਾਇਰ ਸਕੈਂਡਰੀ ਕਰ ਦਿੱਤਾ। ਆਪ ਨੇ 1999 ਈ ਵਿਚ ਵੱਡੇ ਸੰਤ ਜੀ ਦੇ ਨਾਮ ਤੇ ਮਹੰਤ ਬਚਿੱਤਰ ਸਿੰਘ ਕਾਲਜ ਆਫ ਇੰਜਨੀਅਰਿੰਗ ਐਂਡ ਟੈਕਨਾਲੋਜੀ ਬਾਬਲਿਆਨਾ (ਜੰਮੂ) ਵਿੱਖੇ ਸਥਾਪਿਤ ਕਰ ਕੇ ਲੋਕ ਭਲਾਈ ਦਾ ਵੱਡਾ ਉਪਰਾਲਾ ਕੀਤਾ। ਜਿਸ ਵਿਚ 'ਮਿਨਾਰਟੀ ਤੋਟਾ' ਵੀ ਰੱਖਿਆ ਗਿਆ।

ਇਸ ਵੇਲੇ ਵੀ ਸੰਤ ਮੇਲਾ ਦਸਤਕਾਰੀ ਆਸ਼ਰਮ ਗੁਰਦੁਆਰਾ ਡਿਗਿਆਨਾ ਵਿੱਚ ਸੰਤ ਜੀ ਦੀ ਛੱਤਰ ਛਾਇਆ ਵਿਚ ਬੇਸਹਾਰਾ ਅਤੇ ਯਤੀਮ ਬਚਿੱਆਂ ਦੀ ਪਰਵਰਿਸ਼ ਹੋ ਰਹੀ ਹੈ। ਬਜੁਰਗ ਦੀ ਸੰਭਾਲ ਹੋ ਰਹੀ ਹੈ।

3. **ਗੁਰਦੁਆਰਾ ਤਪੋਅਸਥਾਨ ਸੰਤ ਬਾਬਾ ਸੁੰਦਰ ਸਿੰਘ ਜੀ ਅਖਨੂਰ:** ਜੰਮੂ ਤੋਂ ਤਕਰੀਬਨ 30 ਕਿਲੋਮੀਟਰ ਦੂਰ, ਅਖਨੂਰ, ਝਨਾਂ ਦਰਿਆ ਦੇ ਕੰਢੇ ਸਥਿਤ ਇਕ ਸੁੰਦਰ ਕਸਬਾ ਹੈ। ਗੁਰਦੁਆਰਾ ਤਪੋਅਸਥਾਨ ਵਾਲਿਆਂ ਦੀ ਪਵਿੱਤਰ ਯਾਦ ਵਿਚ ਸਥਾਪਤ ਕੀਤਾ ਗਿਆ ਅਲੀਬੇਗ ਵਾਲਿਆ ਦੀ ਪਵਿਤਰ ਯਾਦ ਵਿਚ ਸਥਾਪਿਤ ਕੀਤਾ ਗਿਆ ਹੈ। ਆਪ ਜੀ ਦਾ ਜਨਮ ਨਵੰਬਰ 1887 ਨੂੰ ਬਾਬਾ ਫਕੀਰ ਚੰਦ ਬੇਦੀ ਦੇ ਘਰ ਸਿਆਲਕੋਟ ਪਾਕਿਸਤਾਨ ਵਿਚ ਹੋਇਆ। 12 ਵਰਿਆਂ ਦੀ ਨਿੱਕੀ ਉਮਰ ਵਿਚ ਹੀ ਆਪ ਨੂੰ ਰੱਬੀ ਬੰਦਗੀ ਦਾ ਕੁੱਝ ਐਸਾ ਬੈਰਾਗ ਆਇਆ ਕਿ ਸਭ ਕੁਝ ਤਿਆਗ ਕੇ ਘਰੋ ਤੁਰ ਪਏ। ਏਕਾਂਤ ਅਤੇ ਸ਼ਾਂਤੀ ਦੀ ਤਲਾਸ਼ ਵਿਚ ਕਈਂ ਥਾਵਾਂ ਦੀ ਤਲਾਸ਼ ਕੀਤੀ ਅਤੇ ਅਖੀਰ ਵਿਚ ਅਖਨੂਰ ਪੁੱਜੇ। ਇੱਥੇ ਇਨ੍ਹਾਂ ਦੀ ਮੁਲਾਕਾਤ ਸੰਤ ਬਾਬਾ ਦੀਦਾਰ ਸਿੰਘ ਨਾਲ ਹੋਈ। ਜਿਨ੍ਹਾਂ ਨੇ ਬਾਲਕ ਸੁੰਦਰ ਸਿੰਘ ਦੇ ਅੰਦਰ ਲੁਕੇ ਸੰਤ ਨੂੰ ਪਛਾਣ ਲਿਆ ਅਤੇ ਉਸ ਨੂੰ ਆਪਣੇ ਡੇਰੇ ਨਾਲ ਜੋੜ ਲਿਆ।

ਇਹ ਗੁਰੂ ਨਾਨਕ ਦੇਵ ਜੀ ਦੀ 11ਵੀਂ ਪੀੜੀ ਤੋਂ ਸਨ ਇਸ ਅਸਥਾਨ ਤੇ 12-15 ਸਾਲ ਤੱਕ ਇਨ੍ਹਾਂ ਨੇ ਤੱਪ ਕੀਤਾ। ਇਹ ਗੁਰਦੁਆਰਾ ਝਨਾਂ ਦੇ ਕੰਡੇ ਤੇ ਹੈ ਇਸ ਲਈ ਇੱਥੇ ਜ਼ਿਆਦਾਤਰ ਜੰਮੂ ਪ੍ਰਾਂਤ ਦੇ ਸਿੱਖ ਘਰਾਨੇ ਦੇ ਲੋਕ ਅਪਣੇ ਪਰਿਵਾਰ ਦੇ ਵਿਛੁੜੇ ਜੀਵਾਂ ਦੀ ਅਸਥੀਆਂ ਇਸੇ ਝਨਾਂ ਤੇ ਪ੍ਰਵਾਹ ਕਰਦੇ ਹਨ ਅਤੇ ਇਸੇ ਗੁਰਦੁਆਰੇ ਵਿਚ ਵਿਛੁੜੇ ਜੀਵਾਂ ਦੀ ਆਤਮਾਂ ਵਾਸਤੇ ਅਰਦਾਸ ਕਰਾਉਂਦੇ ਹਨ। ਸਾਰੀਆਂ ਸੰਗਤਾਂ ਲਈ ਅਟੁੱਟ ਲੰਗਰ ਵਰਤਾਇਆ ਜਾਂਦਾ ਹੈ ਅਤੇ ਰਹਿਣ ਨੂੰ ਥਾਂ ਦਿੱਤੀ ਜਾਂਦੀ ਹੈ ਉਹ ਵੀ ਬਿਨਾਂ ਕਿਸੇ ਭੇਦਭਾਵ ਅਤੇ ਵਿਤਕਰੇ ਦੇ। ਇਸ ਗੁਰਦੁਆਰੇ ਦਾ ਵਾਤਾਵਰਨ ਬੜਾ ਹੀ ਸ਼ਾਂਤਮਈ ਅਤੇ ਅਧਿਆਤਮਕ ਹੈ।

ਗੁਰਦੁਆਰੇ ਦੀ ਇਮਾਰਤ ਉਸਾਰੀ ਦੇ ਕੰਮ ਵਿਚ ਸਥਾਨਕ ਸੰਗਤਾਂ ਤੋਂ ਇਲਾਵਾ ਕਈਂ ਪਤਵੰਤੇ ਸਿੱਖਾਂ ਦਾ ਜ਼ਿਕਰਯੋਗ ਯੋਗਦਾਨ ਰਿਹਾ ਹੈ, ਜਿਨ੍ਹਾਂ ਵਿਚ ਸਵਰਗਵਾਸੀ ਸਰਦਾਰ ਹਰਸਜਨ ਸਿੰਘ ਬਾਲੀ ਵਰਨਣਯੋਗ ਹੈ।

**4. ਡੇਰਾ ਬੰਦਾ ਸਿੰਘ ਬਹਾਦਰ ਰਿਆਸੀ, ਜੰਮੂ:** ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ ਰਾਜੋਰੀ, ਜੰਮੂ ਜ਼ਿਲ੍ਹੇਂ ਵਿਚ 27 ਅਕਤੂਬਰ 1670 ਨੂੰ ਹੋਇਆ। ਜੋ ਖਾਲਸਾ ਫੌਜ ਦੇ ਕਮਾਂਡਰ (ਜਰਨੈਲ) ਸੀ। 15 ਸਾਲ ਦੀ ਉਮਰ ਵਿਚ ਉਨ੍ਹਾਂ ਨੇ ਅਪਣਾ ਘਰ ਛੱਡ ਦਿੱਤਾ ਸੀ ਤੇ ਅਧਿਆਤਮਿਕਤਾ ਦੇ ਮਾਰਗ ਤੇ ਤੁਰ ਪਏ ਸਨ। ਪਹਿਲਾਂ ਇਨ੍ਹਾਂ ਦਾ ਨਾਂ ਮਾਧੋ ਦਾਸ ਸੀ। ਫਿਰ ਗੁਰੂ ਗੋਬਿੰਦ ਸਿੰਘ ਜੀ ਨਾਲ ਜਦੋਂ ਆਪ ਦੀ ਮੁਲਾਕਾਤ ਹੋਈ ਤਾਂ ਇਨ੍ਹਾਂ ਨੂੰ ਗੁਰੂ ਜੀ ਨੇ ਬੰਦਾ ਬਹਾਦੁਰ ਦਾ ਨਾਂ ਦਿੱਤਾ ਅਤੇ ਅਮ੍ਰਿਤ ਛੱਕਾ ਕੇ ਗੁਰਬਖਸ਼ ਸਿੰਘ ਨਾਮ ਰੱਖਿਆ ਗਿਆ। ਆਪ ਨੇ ਜ਼ੁਲਮ ਤੇ ਠੱਲ ਪਾਉਣ ਲਈ ਮੁਗਲ ਹਕੂਮਤਾਂ ਖਿਲਾਫ ਜੰਗਾਂ ਵੀ ਲੜੀਆਂ ਅਤੇ ਸਮਾਨਾ ਸਰੋਹਾਂ, ਸਰਹੰਦ ਜੀਤ ਲਈ ਉਸ ਤੋਂ ਬਾਅਦ 1713-1715 ਤੱਕ ਰਿਆਸੀ ਚਨਾਬ ਦਰਿਆ ਦੇ ਕੰਡੇ ਰੁਕੇ, ਉੱਥੇ ਤਿੰਨ ਇਮਾਰਤਾਂ ਬਣਾਈਆਂ, ਇਕ ਵਿਚ ਆਪ ਰਹਿੰਦੇ ਸਨ, ਦੂਸਰੀ ਤੇ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਅਤੇ ਤੀਸਰੇ ਤੇ ਉਨ੍ਹਾਂ ਦਾ ਪਰਿਵਾਰ ਰਹਿੰਦਾ ਸੀ। ਇੱਥੇ ਬਾਬਾ ਬੰਦਾ ਬਹਾਦੁਰ ਨੇ ਆਪ ਹੀ ਨਿਸ਼ਾਨ ਸਾਹਿਬ ਜੀ ਅਪਣੇ ਹੱਥਾਂ ਨਾਲ ਲਗਾਇਆ, ਜੋ ਲਕੜ ਦਾ ਸੀ ਤੇ ਅੱਜ ਵੀ ਗੁਰਦੁਆਰੇ ਸਾਹਿਬ ਵਿਚ ਮੌਜੂਦ ਹੈ। ਉੱਥੇ ਇਕ ਬੈਰੀ ਦੇ ਬੂਟੇ ਥੱਲੇ ਬਹਿ ਕੇ ਆਪ ਨੇ ਤਪੱਸਿਆ ਕੀਤੀ ਸੀ, ਅੱਜ ਵੀ ਉਹ ਬੈਰੀ ਉੱਥੇ ਅਡੋਲ ਖੜੀ ਹੈ ਤੇ ਉੱਤੇ ਫੱਲ ਵੀ ਲਗਦੇ ਹਨ।

ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਜ਼ਮੀਂਦਾਰੀ ਪ੍ਰਥਾ ਖਤਮ ਕੀਤੀ ਜੋ ਜ਼ਮੀਨ ਵਾਹੁੰਦਾ ਸੀ, ਉੱਸੇ ਨੂੰ ਜ਼ਮੀਨ ਦੀ ਮਾਲਕੀ ਦਿਤੀ ਤੇ ਗਰੀਬ ਤੇ ਲਤਾੜੇ ਲੋਕਾਂ ਦੀ ਮਦਦ ਕੀਤੀ।

ਬਾਬਾ ਬੰਦਾ ਬਹਾਦਰ ਜੀ ਨੂੰ ਗੁਰਦਾਸ ਨੰਗਲ ਦੀ ਗੜੀ ਤੋਂ ਗ੍ਰਿਫਤਾਰ ਕੀਤਾ ਗਿਆ 740 ਸਿੰਘਾ ਨਾਲ, ਆਪ ਨੂੰ ਅਤੇ ਨਾਲ ਗ੍ਰਿਫਤਾਰ ਹੋਏ ਸਿੰਘਾ ਉੱਤੇ ਧਰਮ ਪਰਿਵਰਤਨ ਕਰਨ ਲਈ ਕਈਂ ਤਸ਼ਦੱਦ ਕੀਤੇ ਗਏ ਪਰ ਉਨ੍ਹਾਂ ਈਨ ਨਾ ਮੰਨੀ ਜਿਸ ਸਦਕਾ ਉਨ੍ਹਾਂ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ ਅਤੇ 9 ਜੂਨ 1716 ਈ ਵਿਚ ਬਾਬਾ ਦੇ ਚਾਰ ਸਾਲ ਦੇ ਪੁੱਤਰ ਜਿਨ੍ਹਾਂ ਨੂੰ ਬਾਬਾ ਜੀ ਨਾਲ ਗ੍ਰਿਫਤਾਰ ਕੀਤਾ ਗਿਆ ਸੀ, ਉਸ ਦਾ ਧੜਕਦਾ ਦਿਲ ਕਢ ਕੇ ਉਨ੍ਹਾਂ ਦੇ ਮੂੰਹ ਵਿਚ ਪਾਇਆ ਅਤੇ ਫਿਰ ਪੁੱਤਰ ਦੀਆਂ ਆਂਤੜੀਆਂ ਕਡ ਕੇ ਉਨ੍ਹਾਂ ਦੇ ਗਲੇ ਦਾ ਹਾਰ ਬਣਾ ਕੇ ਪਾਈਆਂ ਤਾਂ ਵੀ ਉਹ ਧਰਮ ਪਰਿਵਰਤਨ ਲਈ ਨਾਂ ਮੰਨੇ ਤਾਂ ਉਨ੍ਹਾਂ ਦੀਆਂ ਅੱਖਾਂ ਕੱਢ ਦਿੱਤੀਆਂ ਫਿਰ ਸੱਜੀ ਬਾਂਹ ਤੇ ਲੱਤ ਵੱਡ ਕੇ ਤਸ਼ਦੱਦ ਦਿੰਦਿਆਂ ਸ਼ਹੀਦ ਕੀਤਾ। ਇਸ ਗੁਰਦੁਆਰੇ ਸਾਹਿਬ ਵਿਚ ਆਪ ਜੀ ਦੀਆਂ ਅਸਥੀਆਂ, ਦਸਤਾਰ, ਸ਼ਸਤ੍ਰ ਜਿਨ੍ਹਾਂ ਨਾਲ ਆਪ ਨੇ ਜੰਗਾਂ ਕੀਤੀਆਂ ਅਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਪੁਰਾਣਾ ਸਰੂਪ ਇੱਥੇ ਮੌਜੂਦ ਹੈ। ਇਨ੍ਹਾਂ ਦੇ ਦਰਸ਼ਨ ਸੰਗਤਾਂ ਨੂੰ ਕੇਵਲ ਵਿਸਾਖੀ ਵਾਲੇ ਦਿਹਾੜੇ ਹੀ ਕਰਾਏ ਜਾਂਦੇ ਹਨ।

**5. ਗੁਰਦੁਆਰਾ ਸ੍ਰੀ ਨੰਗਾਲੀ ਸਾਹਿਬ ਪੁਣਛ** : ਗੁਰਦੁਆਰਾ ਸ੍ਰੀ ਨੰਗਾਲੀ ਸਾਹਿਬ ਦਾ ਇਤਿਹਾਸਕ ਪਿਛੋਕੜ ਵੀ ਸਾਹਿਬ ਸ੍ਰੀ ਗੋਬਿੰਦ ਸਾਹਿਬ ਜੀ ਨਾਲ ਜਾ ਮਿਲਦਾ ਹੈ। ਕਿਉਂਕਿ ਉਨ੍ਹਾਂ ਨੇ ਜਦੋਂ ਆਨੰਦਪੁਰ ਤੇ 1699 ਵਾਲੀ ਵਿਸਾਖੀ ਵਾਲੇ ਦਿਨ ਜਦੋਂ ਖਾਲਸਾ ਪੰਥ ਸਜਾਇਆ ਤੇ ਉਨ੍ਹਾਂ ਸਿੱਖਾਂ ਨੂੰ ਗੁਰਮਿਤ ਦੇ ਪ੍ਰਚਾਰ ਲਈ ਦੂਰ ਦੁਰਾਡੇ ਵਸਦੇ ਇਲਾਕਿਆਂ ਤੇ ਭੇਜਿਆ। ਉਦੋਂ ਹੀ ਉਨ੍ਹਾਂ ਨੇ ਪਹਾੜੀ ਪੋਠੋਹਾਰੀ ਇਲਾਕਾ ਪੁਣਛ, ਰਾਵਲਾਕੋਟ, ਮੁਜ਼ਫਰਾਬਾਦ ਅਤੇ ਇਸ ਨਾਲ ਜੁੜੇ ਇਲਾਕਿਆਂ ਤੇ ਸਿੱਖ ਮਤ ਦੇ ਪ੍ਰਚਾਰ ਪਰਸਾਰ ਲਈ ਸੰਤ ਭਾਈ ਫੇਰੂ ਸਿੰਘ ਜੀ, ਸੰਤ ਭਾਈ ਪੰਜਾਬ ਸਿੰਘ ਜੀ ਅਤੇ ਸੰਤ ਭਾਈ ਰੋਚਾ ਸਿੰਘ ਜੀ ਨੂੰ ਅਮ੍ਰਿਤ ਛੱਕਾ ਕੇ ਭੇਜਿਆ।

ਸੰਤ ਭਾਈ ਰੋਚਾ ਸਿੰਘ ਜੀ ਸਿੱਖੀ ਦੇ ਪ੍ਰਚਾਰ ਕਰਨ ਵਿਚ ਜੁੱਟ ਗਏ। ਸੰਤ ਭਾਈ ਰੋਚਾ ਸਿੰਘ ਨੇ ਇਸ ਦੁਨੀਆਂ ਨੂੰ ਛੋੜਣ ਤੋਂ ਪਹਿਲਾਂ 1803 ਵਿਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਲਾਈ ਸੇਵਾ ਨੂੰ ਠਾਕੁਰ ਭਾਈ ਮੇਲਾ ਸਿੰਘ ਜੀ ਨੂੰ ਸੌਂਪਿਆ। ਠਾਕੁਰ ਭਾਈ ਮੇਲਾ ਸਿੰਘ ਜੀ ਆਪਣੇ ਕੁਝ ਸਾਥੀਆਂ ਨਾਲ ਰਾਵਲਾਕੋਟ ਤੋਂ ਪੁਣਛ ਆਏ ਤਾਂ ਜੋ ਇੱਥੇ ਡੇਰਾ ਸਥਾਪਿਤ ਕਰ ਕੇ ਗੁਰਮਤਿ ਦਾ ਪ੍ਰਚਾਰ ਕਰ ਸਕਣ। ਇੱਥੇ ਉਨ੍ਹਾਂ ਨੇ ਦਰੋਗਲੀ ਨਦੀ ਪਾਰ ਕਰ ਕੇ ਪਿੰਡ ਬਉਲੀ ਤੇ ਇਕ ਥਾਂ ਭਾਲੀ ਅਤੇ ਨਦੀ ਦੇ ਕੰਡੇ ਨੰਗਾਲ ਦਾ ਜੰਗਲ ਕੱਟ ਕੇ ਇਕ ਕੱਚਾ ਗੁਰਦੁਆਰਾ ਬਣਾਇਆ ਤੇ ਹੁਕਮ ਕੀਤਾ ਕੀ ਡੇਰਾ ਰਾਵਲਾਕੋਟ ਤੋਂ ਇੱਥੇ ਨੰਗਾਲੀ ਸਾਹਿਬ ਬਾਉਲੀ ਪੁਣਛ ਵਿਚ ਲਗਾਇਆ ਜਾਵੇ ਕਿਉਂਕਿ ਉਸ

ਸਮੇਂ ਪੁਣਛ ਭਾਵੇਂ ਛੋਟਾ ਇਲਾਕਾ ਸੀ ਪਰ ਰਾਜਸੀ ਹਲਕੇ ਵਿਚ ਚਰਚਿਤ ਸੀ। ਸੋ ਉਦੋਂ ਤੋਂ ਹੀ ਇਹ ਅਸਥਾਨ ਸੰਤ ਠਾਕੁਰ ਭਾਈ ਮੇਲਾ ਸਿੰਘ ਜੀ ਨੇ ਕਾਇਮ ਕੀਤਾ ਅਤੇ ਇੱਥੇ ਗੁਰਮਤਿ ਦਾ ਪ੍ਰਚਾਰ ਚਲਦਾ ਆ ਰਿਹਾ ਹੈ।

1814 ਵਿਚ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਕਸ਼ਮੀਰ ਤੇ ਹਮਲਾ ਕੀਤਾ ਤੋਂ ਲਾਹੌਰ ਦੇ ਰਸਤੇ ਇੱਥੇ ਡੇਰੇ ਤੇ ਹਾਜਰੀ ਦਿਤੀ ਅਤੇ ਸੰਤ ਭਾਈ ਮੇਲਾ ਸਿੰਘ ਨਾਲ ਭੇਟ ਕੀਤੀ। ਕੁੱਝ ਸਿਲਸਿਲੇ ਵਿਚ ਡੋਗਰਾ ਜਰਨੈਲ ਗੁਲਾਬ ਸਿੰਘ ਵੀ ਇਸ ਡੇਰੇ ਤੇ ਆਏ ਸਨ। ਜੋ ਬਾਅਦ ਵਿਚ ਰਿਆਸਤ ਜੰਮੂ ਕਸ਼ਮੀਰ ਦੇ ਮਹਾਰਾਜ ਬਣੇ ਸਨ, ਮਹਾਰਾਜ ਬਣਨ ਦੋਰਾਨ ਵੀ ਉਨ੍ਹਾਂ ਨੇ ਇੱਥੇ ਆਏ ਤੇ ਇਕ ਡੇਰੇ ਦੇ ਨਾਮ ਕੀਤਾ ਤਾਂ ਜੋ ਗੁਰੂ ਦਾ ਲੰਗਰ ਚਲਦਾ ਰਹੇ।

1854 ਵਿਚ ਆਪ ਜੋਤੀ ਜੋਤ ਸਮਾਂ ਗਏ ਉਨ੍ਹਾ ਨੇ ਅੱਗੇ ਇਸ ਗੱਦੀ ਦੀ ਸੇਵਾ ਸੰਤ ਭਾਈ ਮੰਨਾ ਸਿੰਘ ਨੂੰ ਸੌਂਪੀ ਅਤੇ ਫਿਰ ਇਹ ਸੇਵਾ 1870 ਵਿਚ ਸੰਤ ਭਾਈ ਮੰਗਲ ਸਿੰਘ ਜੀ ਨੂੰ ਦਿਤੀ ਗਈ ਉਨ੍ਹਾਂ ਤੋਂ ਬਾਅਦ 1878 ਵਿਚ 1879 ਵਿਚ 1879 ਤਕ ਸੰਤ ਭਾਈ ਰਤਨ ਸਿੰਘ ਸੋਢੀ, ਮੋਹਰਾ ਸਿੰਘ ਨੂੰ ਅਤੇ ਫਿਰ 1919 ਵਿਚ ਸੰਤ ਭਾਈ ਮੰਗਲ ਸਿੰਘ ਨੂੰ ਉਨ੍ਹਾਂ 23 ਅਕਤੂਬਰ 1947 ਨੂੰ ਇਸ ਗੱਦੀ ਦੀ ਸੇਵਾ ਮਹੰਤ ਬਚਿੱਤਰ ਸਿੰਘ ਜੀ ਨੂੰ ਸੌਪੀ ਗਈ ਅਤੇ 1947 ਵਿਚ ਮਹੰਤ ਹੋਰਾਂ ਨੂੰ ਡੇਰਾ ਛਡ ਕੇ ਪੁਣਛ ਆਉਣਾ ਪਿਆ ਕਿਉਂਕਿ ਉੱਥੇ ਕਬਾਇਲੀਆਂ ਨੇ ਹਮਲਾ ਕੀਤਾ ਸੀ ਅਤੇ ਭਾਰਤੀ ਫੋਜ ਨੇ ਇਹ ਇਲਾਕਾ ਖਾਲੀ ਕਰਵਾਇਆ। ਜਿਸ ਨਾਲ ਉਹ ਵਾਪਿਸ ਅਪਣੇ ਡੇਰੇ ਪੜ ਗਏ ਸਨ। ਪਰ ਇਸ ਹਮਲੇ ਨਾਲ ਇੱਥੇ ਦੀ ਸਾਰੀ ਇਮਾਰਤ ਸੜ ਗਈ ਸੀ। ਫਿਰ ਮਹੰਤ ਜੀ ਨੇ ਇਕ ਛੋਟੇ ਜਿਹੇ ਕਮਰੇ ਤੇ ਰਹਿ ਕੇ ਮੁੜ ਇੱਥੇ ਗੁਰਦੁਆਰੇ ਅਤੇ ਲੰਗਰ ਹਾਲ ਦੀ ਇਮਾਰਤ ਦੀ ਉਸਾਰੀ ਕੀਤੀ। ਉਸਾਰੀ ਲਈ ਉਨ੍ਹਾਂ ਨੇ ਮਾਇਆ ਆਪ ਸੰਗਤਾਂ ਦੇ ਘਰ-ਘਰ ਜਾ ਕੇ ਇਕੱਠੀ ਕੀਤੀ, ਉਨ੍ਹਾਂ ਦੀ ਕੋਸ਼ਿਸ਼ਾਂ ਸਦਕਾ ਹੀ ਇੱਥੇ 1966 ਵਿਚ ਤਿੰਨ ਮੰਜ਼ਿਲਾਂ ਸ਼ਾਨਦਾਰ ਮੰਜ਼ਿਲ ਤਿਆਰ ਹੋ ਗਈ ਅਤੇ ਇਸਦੇ ਨਾਲ ਹੀ ਉਨ੍ਹਾਂ ਨੇ ਜੰਮੂ ਦੇ ਇਲਾਕੇ ਡਿਗਿਆਨਾ ਵਿੱਖੇ ਵੀ ਜ਼ਮੀਨ ਖਰੀਦੀ। ਜਿੱਥੇ ਅੱਜ ਗੁਰਦੁਆਰਾ ਸ੍ਰੀ ਸੰਤ ਮੇਲਾ ਸਿੰਘ ਜੀ ਦਸਤਕਾਰੀ ਆਸ਼ਰਮ ਡਿਗਿਆਨਾ ਸਥਾਪਿਤ ਹੈ।

ਉਪਰੋਕਤ ਚਰਚਾ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾ ਕਿ ਜੰਮੂ ਪ੍ਰਾਂਤ ਦੇ ਇਹ ਗੁਰਦੁਆਰੇ ਇਤਿਹਾਸਕ ਪੱਖੋਂ ਇਕ ਖਾਸ ਮਹੱਤਵ ਰੱਖਦੇ ਹਨ। ਜਿੱਥੇ ਇਹ ਇਤਿਹਾਸਕ ਪਿੱਛੋਕੜ ਕਾਰਨ ਖਾਸ ਮਹੱਤਤਾ ਦੇ ਧਾਰਨੀ ਹਨ ਉੱਥੇ ਹੀ ਇਹ ਸਿੱਖੀ ਦੇ ਪ੍ਰਚਾਰ ਦੇ ਨਾਲ-ਨਾਲ ਸਮੂਹ ਮਾਨਵਤਾ ਦੀ ਭਲਾਈ ਵਿਚ ਵੀ ਜੁੱਟੇ ਹਨ।

## ਹਵਾਲੇ


1. ਕਾਨ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, 1974 ,ਪੰਨਾ 416
2. ਡਾ. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵਕੋਸ਼, ਭਾਗ ਪਹਿਲਾ (ੳ-ਛ) 2002, ਪੰਨਾ 390-391